# ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਕੇਂਦਰ ਸੁਪਰਡੰਟ / ਕੇਂਦਰ ਕੰਟਰੋਲਰ ,

ਨੰ:- ਪਸਸਬ-ਸ.ਸ(ਗੁਪਤ)2026/514 ਮਿਤੀ: 29/5/26

**ਵਿਸ਼ਾ:- ਅੱਠਵੀਂ, ਅਨੁਪੂਰਕ ਪ੍ਰੀਖਿਆ ਜੂਨ-2026 ਲਈ ਹੱਲ ਹੋਈਆ ਉੱਤਰ ਪੱਤਰੀਆਂ ਦੇ ਪੈਕਟ ਇੱਕਤਰ ਕੇਂਦਰ ਵਿਖੇ ਜਮ੍ਹਾ ਕਰਵਾਉਣ ਸਬੰਧੀ ।**

ਵਿਸ਼ੇ ਅਧੀਨ ਪ੍ਰੀਖਿਆਵਾਂ ਬੋਰਡ ਦਫਤਰ ਵੱਲੋ ਜਾਰੀ ਡੇਟਸ਼ੀਟ ਅਨੁਸਾਰ ਕਰਵਾਈਆ ਜਾ ਰਹੀਆਂ ਹਨ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਹੇਠ ਲਿਖੇ ਇੱਕਤਰ ਕੇਂਦਰਾਂ ਤੇ ਜਮ੍ਹਾਂ ਕਰਵਾਏ ਜਾਣੇ ਹਨ। ਸਮੂਹ ਕੇਂਦਰ ਕੰਟਰੋਲਰ ਸਾਹਿਬਾਨ / ਨੁਮਾਂਇਦਾ ਆਪਣੇ ਅਧੀਨ ਪ੍ਰੀਖਿਆ ਕੇਂਦਰਾਂ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰੀਖਿਆ ਵਾਲੇ ਦਿਨ ਹੀ ਪ੍ਰੀਖਿਆ ਸਮਾਪਤ ਹੋਣ ਤੋਂ ਤੁਰੰਤ ਬਾਅਦ ਹੇਠ ਦਰਜ਼ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਜਮਾਂ ਕਰਵਾਉਣਗੇ :-

01:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ,ਅੰਮ੍ਰਿਤਸਰ ।

02:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਬਠਿੰਡਾ ।

03 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਬਰਨਾਲਾ ।

04 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸ੍ਰੀ ਫਤਿਹਗੜ੍ਹ ਸਾਹਿਬ ।

05 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਫਰੀਦਕੋਟ ।

06 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਫਿਰੋਜਪੁਰ ।

07 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਅਬੋਹਰ (ਫਾਜ਼ਿਲਕਾ) ।

08 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਗੁਰਦਾਸਪੁਰ ।

09 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਹੁਸ਼ਿਆਰਪੁਰ ।

10 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਜਲੰਧਰ ।

11 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਕਪੂਰਥਲਾ ।

12 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਲੁਧਿਆਣਾ ।

13 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਮੋਗਾ ।

14 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸ੍ਰੀ ਮੁਕਤਸਰ ਸਾਹਿਬ ।

15 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਮਾਨਸਾ ।

16 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਬੀ.ਐਸ.ਨਗਰ ।

17 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਪਟਿਆਲਾ ।

18 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਪਠਾਨਕੋਟ ।

19 :- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਰੂਪਨਗਰ ।

20:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਸੰਗਰੂਰ ।

21:- ਖੇਤਰੀ ਦਫਤਰ ਪੰਜਾਬ ਸਕੂਲ ਸਿੱਖਿਆ ਬੋਰਡ, ਤਰਨਤਾਰਨ ।

22:- **ਖੇਤਰੀ ਦਫਤਰ** ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ ।

( ਹਦਾਇਤਾਂ)

**1.ਇਸ ਗੱਲ ਦਾ ਵੀ ਵਿਸ਼ੇਸ਼ ਤੋਰ ਤੇ ਧਿਆਨ ਰੱਖਿਆ ਜਾਵੇ ਕਿ ਬੋਰਡ ਦਫਤਰ ਵੱਲੋ ਜਾਰੀ ਉੱਤਰ ਪੱਤਰੀਆਂ ਹੀ ਵਰਤੀਆ ਜਾਣ । ਕਿਸੇ ਵੀ ਹਾਲਤ ਵਿੱਚ ਪ੍ਰਾਈਵੇਟ / ਸਕੂਲ ਵੱਲੋ ਜਾਰੀ (ਸਾਧਾਰਨ) ਉੱਤਰ ਪੱਤਰੀਆਂ ਦੀ ਵਰਤੋ ਨਾ ਕੀਤੀ ਜਾਵੇ ਜੀ ।**

2 . ਇਹ ਯਕੀਨੀ ਬਣਾਇਆਂ ਜਾਵੇ ਕਿ ਹਰੇਕ ਵਿਸ਼ੇ/ਸ਼੍ਰੇਣੀ ਲਈ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਵੱਖਰੇ-ਵੱਖਰੇ ਪੈਕਟ ਤਿਆਰ ਕੀਤੇ ਜਾਣ । ਹੱਲ ਹੋਈਆਂ ਉੱਤਰ ਪੱਤਰੀਆਂ ਦੇ ਪੈਕਟ ਦੇ ਬਾਹਰ ਕੇਂਦਰ ਦਾ ਨਾਂ, ਵਿਸ਼ਾ,ਪ੍ਰੀਖਿਆਰਥੀਆਂ ਦੀ ਗਿਣਤੀ, ਕੇਂਦਰ ਕੋਡ, ਸ਼੍ਰੇਣੀ, ਮਿਤੀ, ਜਿਲ੍ਹਾ ਆਦਿ ਸਾਫ ਅਤੇ

ਸਪੱਸ਼ਟ ਅੱਖਰਾਂ ਵਿੱਚ ਲਿਖਿਆ ਜਾਵੇ । ਮੀਮੋ ਤੇ ਸਾਫ-ਸਾਫ ਦਰਜ ਕੀਤਾ ਜਾਵੇ ਕਿ **"ਇਸ ਪ੍ਰੀਖਿਆ ਕੇਂਦਰ ਵਿੱਚ ਇਸ ਵਿਸ਼ੇ ਨਾਲ ਸਬੰਧਤ ਕੋਈ ਵੀ ਹੱਲ ਹੋਈ ਉੱਤਰ ਪੱਤਰੀ/ ਪੈਕਟ ਬਕਾਇਆ ਨਹੀ ਹੈ"** । ਮੀਮੋ ਦੀਆ ਦੋ ਕਾਪੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਪੈਕਟ ਵਿੱਚ ਰੱਖੀਆ ਜਾਣ ।

3. ਹੱਲ ਹੋਈਆਂ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਕੇਂਦਰ ਕੰਟਰੋਲਰ / ਨੁਮਾਂਇਦੇ ਵੱਲੋ ਹੀ ਸਮੇਂ ਸਿਰ ਨਿਰਧਾਰਿਤ ਇੱਕਤਰ ਕੇਂਦਰ ਤੇ ਜਮ੍ਹਾਂ ਕਰਵਾਏ ਜਾਂਣਗੇ ।

**4. ਹੱਲ ਹੋਈ ਕੋਈ ਵੀ ਉੱਤਰ ਪੱਤਰੀ ਲਾਸਟ ਪੈਕਟ ਵਿੱਚ ਪਾ ਕੇ ਨਾ ਭੇਜੀ ਜਾਵੇ, ਅਜਿਹਾ ਕਰਨ ਦੀ ਸੂਰਤ ਵਿੱਚ ਸਮੁੱਚੀ ਜਿਮੇਵਾਰੀ ਕੇਂਦਰ ਸੁਪਰਡੰਟ ਦੀ ਹੋਵੇਗੀ।**

5 ਯੂ.ਐਮ.ਸੀ ਕੇਸਾਂ ਨਾਲ ਸਬੰਧਤ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਵੱਖਰੇ ਤੌਰ ਤੇ ਇੱਕਤਰ ਕੇਂਦਰ ਵਿੱਚ ਜਮ੍ਹਾਂ ਕਰਵਾਏ ਜਾਣ ।

6. ਅੱਠਵੀਂ,ਸ਼੍ਰੇਣੀ ਦੇ ਚੋਣਵੇਂ ਵਿਸ਼ਿਆ ਦੀਆਂ ਹੱਲ ਹੋਈਆਂ ਉੱਤਰ ਪੱਤਰੀਆਂ ਦੇ ਵਿਸ਼ੇ ਵਾਈਜ਼ ਵੱਖ-ਵੱਖ ਸੀਲ ਬੰਦ ਪੈਕਟ ਇਕੱਤਰ ਕੇਂਦਰ ਵਿਖੇ ਜਮ੍ਹਾਂ ਕਰਵਾਏ ਜਾਣ ।

7.ਜੇਕਰ ਕਿਸੇ ਵਿਸ਼ੇ ਵਿੱਚ ਕੋਈ ਵੀ ਪ੍ਰੀਖਿਆਰਥੀ ਹਾਜ਼ਰ ਨਹੀ ਹੁੰਦਾ ਤਾਂ ਨਿਲ ਦਾ ਮੀਮੋਂ ਬਣਾ ਕੇ ਭੇਜਿਆ ਜਾਵੇ ।

29.5.26

ਉੱਪ ਸਕੱਤਰ ( ਗੁਪਤ)

ਪਿੱਠ ਅੰਕਣ ਨੰ:- ਪਸਸਬ-ਸ.ਸ(ਗੁਪਤ)2026/515 ਮਿਤੀ: 29/5/29

ਉਪਰੋਕਤ ਦਾ ਉਤਾਰਾ ਸਮੂਹ ਨੋਡਲ ਅਫਸਰ / ਇੰਚਾਰਜ ਇੱਕਤਰ ਕੇਂਦਰ / ਜਿਲ੍ਹਾ ਮੈਨੇਜਰ, ਖੇਤਰੀ ਦਫਤਰ ਪੰਜਾਬ ਸਕੂਲ ਸਿਖਿਆ ਬੋਰਡ ਨੂੰ ਭੇਜਦੇ ਹੋਏ ਲਿਖਿਆਂ ਜਾਂਦਾ ਹੈ ਕਿ ਕੇਂਦਰ ਸੁਪਰਡੰਟ / ਕੇਂਦਰ ਕੰਟਰੋਲਰ ਨੂੰ ਉਪਰੋਕਤ ਜਾਰੀ ਹਦਾਇਤਾਂ ਅਤੇ ਨਿਰਧਾਰਿਤ ਕੰਪਿਊਟਰ ਐਪਲੀਕੇਸ਼ਨ / ਐਪ ਅਨੁਸਾਰ ਉੱਤਰ ਪੱਤਰੀਆਂ ਦੇ ਸੀਲ ਬੰਦ ਪੈਕਟ ਪ੍ਰਾਪਤ ਕਰਕੇ ਬੋਰਡ ਦਫਤਰ ਵੱਲੋ ਡਿਊਟੀ ਤੇ ਭੇਜੇ ਕਰਮਚਾਰੀ ਨੂੰ ਨਿਰਧਾਰਿਤ ਸ਼ਡਿਊਲ/ਮਿਤੀਆਂ ਅਨੁਸਾਰ ਪ੍ਰਾਪਤ ਕਰਵਾਏ ਜਾਣ ।

29.5.26

ਉੱਪ ਸਕੱਤਰ (ਗੁਪਤ )